ਦਫਤਰ ਜਿਲ੍ਹਾ ਮੈਜਿਸਟਰੇਟ,ਫ਼ਤਹਿਗੜ੍ਹ ਸਾਹਿਬ।

(ਫੁੱਟਕਲ ਸ਼ਾਖਾ)

ਹੁਕਮ

ਇਸ ਦਫ਼ਤਰ ਵੱਲੋਂ ਹੁਕਮ ਨੰ: 814/ਐਮ.ਏ ਮਿਤੀ 25.03.2020 ਰਾਹੀ ਜਿਲ੍ਹਾਂ ਫ਼ਤਹਿਗੜ੍ਹ ਸਾਹਿਬ ਦੀ ਹਦੂਦ ਅੰਦਰ ਕਰਫਿਊ ਲਗਾਇਆ ਗਿਆ ਸੀ। ਇਸ ਹੁਕਮ ਦੀ ਲਗਾਤਾਰਤਾ ਵਿੱਚ ਮੈਂ ਅੰਮ੍ਰਿਤ ਕੌਰ ਗਿੱਲ, ਆਈ.ਏ.ਐਸ., ਜਿਲ੍ਹਾ ਮੈਜਿਸਟਰੇਟ, ਫਤਹਿਗੜ੍ਹ ਸਾਹਿਬ ਲੋਕ ਹਿੱਤ ਨੂੰ ਧਿਆਨ ਵਿੱਚ ਰੱਖਦੇ ਹੋਏ ਜਿਲ੍ਹਾ ਫ਼ਤਹਿਗੜ੍ਹ ਸਾਹਿਬ ਦੀ ਹਦੂਦ ਅੰਦਰ ਸਮੂਹ ਆਲੂ ਉਤਪਾਦਕ ਕਿਸਾਨ ਇਹ ਯਕੀਨੀ ਬਣਾਉਣਗੇ ਕਿ ਆਲੂ ਦੀ ਪਟਾਈ ਦਾ ਕੰਮ ਪਿੰਡਾਂ ਵਿੱਚ ਮੌਜੂਦ ਲੇਬਰ ਤੋ ਹੀ ਕਰਵਾਇਆ ਜਾਵੇ। ਖੇਤਾਂ ਵਿੱਚ ਕੰਮ ਕਰਦੇ ਸਮੇਂ ਮਜਦੂਰ ਇੱਕ ਸਥਾਨ ਤੇ ਇੱਕਠੇ ਨਹੀਂ ਹੋਣਗੇ ਅਤੇ ਕੰਮ ਕਰਦੇ ਸਮੇਂ ਦੌਰਾਨ ਆਪਸ ਵਿੱਚ 1 ਤੋ 2 ਮੀਟਰ ਤੋਂ ਵੱਧ ਦੀ ਦੂਰੀ ਬਣਾ ਕੇ ਰੱਖਣਗੇ। ਕੰਮ ਕਰਦੀ ਲੇਬਰ ਅਤੇ ਉਹਨਾਂ ਦੇ ਪਰਿਵਾਰ ਨੂੰ ਨਿੱਤ ਵਰਤੋਂ ਯੋਗ ਰਾਸ਼ਨ, ਸੈਨੀਟਾਈਜਰ, ਮਾਸਕ ਆਦਿ ਮੁਹੱਈਆ ਕਰਵਾਉਣ ਦੀ ਜਿੰਮੇਵਾਰੀ ਸਬੰਧਤ ਆਲੂ ਉਤਪਾਦਕ ਕਿਸਾਨ ਦੀ ਹੋਵੇਗੀ।

ਕਿਸਾਨਾਂ ਨੂੰ ਆਪਣੀ ਫਸਲ ਕੋਲਡ ਸਟੋਰਾਂ ਤੱਕ ਲਿਜਾਣ ਲਈ ਉਹਨਾਂ ਦੇ ਵਹੀਕਲ ਸਮੇਤ ਕਰਫਿਊ ਤੋਂ ਛੋਟ ਦਿੱਤੀ ਜਾਂਦੀ ਹੈ। ਕਿਸਾਨ ਆਪਣੇ ਪਹਿਚਾਣ ਪੱਤਰ ਭਾਵ ਫੋਟੋ ਵੋਟਰ ਕਾਰਡ, ਅਧਾਰ ਕਾਰਡ ਜਾਂ ਡਰਾਈਵਿੰਗ ਲਾਇਸੰਸ ਨਾਲ ਰੱਖੇਗਾ।

ਜਿਲ੍ਹਾ ਫ਼ਤਹਿਗੜ੍ਹ ਸਾਹਿਬ ਦੇ ਸਮੂਹ ਕੋਲਡ ਸਟੋਰਾਂ ਨੂੰ ਆਲੂ ਦੀ ਫਸਲ ਸਟੋਰ ਕਰਨ ਵਾਸਤੇ ਮਿਤੀ 10/4/2020 ਤੱਕ ਖੁੱਲੇ ਰੱਖਣ ਦਾ ਹੁਕਮ ਦਿੰਦੀ ਹਾਂ। ਸਟੋਰ ਮਾਲਕ ਕੋਵਿਡ-2019 ਦੇ ਫੈਲਾਅ ਨੂੰ ਰੋਕਣ ਲਈ ਭਾਰਤ ਸਰਕਾਰ, ਪੰਜਾਬ ਸਰਕਾਰ ਅਤੇ ਇਸ ਦਫਤਰ ਵੱਲੋਂ ਸਮੇਂ ਸਮੇਂ ਸਿਰ ਜਾਰੀ ਹੋਈਆਂ ਹਦਾਇਤਾਂ ਦੀ ਪਾਲਣਾ ਦੇ ਨਾਲ ਨਾਲ ਘੱਟ ਤੋ ਘੱਟ 1 ਤੋ 2 ਮੀਟਰ ਦੀ ਦੂਰੀ ਬਣਾਕੇ ਰੱਖਣਗੇ।ਕਿਸੇ ਵੀ ਹਾਲਤ ਵਿੱਚ ਲੋਡਿੰਗ ਅਣ-ਲੋਡਿੰਗ ਅਤੇ ਗਰੇਡਿੰਗ ਦੌਰਾਨ 10 ਤੋਂ ਜਿਆਦਾ ਵਿਅਕਤੀਆਂ ਦੀ ਲੇਬਰ ਇੱਕਠੀ ਨਹੀ ਹੋਣ ਦਿੱਤੀ ਜਾਵੇਗੀ।

ਇਸ ਹੁਕਮ ਦਾ ਪ੍ਰਚਾਰ ਜਿਲ੍ਹਾ ਲੋਕ ਸੰਪਰਕ ਅਫਸਰ, ਫ਼ਤਹਿਗੜ੍ਹ ਸਾਹਿਬ ਦੀ ਪ੍ਰਚਾਰ ਵੈਨ/ਦੂਰਦਰਸ਼ਨ/ ਪ੍ਰੈਸ ਮਾਧਿਅਮ ਰਾਹੀਂ ਪ੍ਰਚਾਰ ਕਰਵਾ ਕੇ ਪੁਲਿਸ ਸਟੇਸ਼ਨਾਂ/ ਨਗਰ ਕੌਂਸਲਾਂ/ਉਪ ਮੰਡਲ ਮੈਜਿਸਟਰੇਟਾਂ/ਤਹਿਸੀਲਦਾਰਾਂ ਅਤੇ ਸਦਰ ਮੁਕਾਮਾਂ ਦੇ ਨੋਟਿਸ ਬੋਰਡਾਂ ਇਸ ਹੁਕਮ ਦੀਆਂ ਨਕਲ ਚਸਪਾ ਕਰਕੇ ਲਾਗੂ ਕੀਤਾ ਜਾਵੇ।

ਇਹ ਹੁਕਮ ਅੱਜ ਮਿਤੀ 26/03/2020 ਨੂੰ ਮੇਰੇ ਹਸਤਾਖਰਾਂ ਅਤੇ ਮੋਹਰ ਅਦਾਲਤ ਨਾਲ ਜਾਰੀ ਕੀਤਾ ਗਿਆ।

ਜਿਲ੍ਹਾ ਮੈਜਿਸਟ੍ਰੇਟ,
ਫ਼ਤਹਿਗੜ੍ਹ ਸਾਹਿਬ।

ਪਿੱਠ ਅੰਕਣ ਨੰ:6061-6100/ਫ.ਕ.2 ਮਿਤੀ: 26/3/2020

ਇਸ ਦਾ ਇੱਕ ਉਤਾਰਾ:-

1.ਮੁੱਖ ਸਕੱਤਰ, ਪੰਜਾਬ ਸਰਕਾਰ,ਚੰਡੀਗੜ੍ਹ।

2.ਵਧੀਕ ਮੁੱਖ ਸਕੱਤਰ,ਗ੍ਰਹਿ ਵਿਭਾਗ, ਪੰਜਾਬ ਸਰਕਾਰ,ਚੰਡੀਗੜ੍ਹ।

3.ਡਾਇਰੈਕਟਰ ਜਨਰਲ ਆਫ ਪੁਲਿਸ,ਪੰਜਾਬ, ਚੰਡੀਗੜ੍ਹ।

4.ਇੰਸਪੈਕਟਰ ਜ਼ਨਰਲ ਆਫ ਪੁਲਿਸ (ਸੀ.ਆਈ.ਡੀ.ਪੰਜਾਬ ਚੰਡੀਗੜ੍ਹ)

5.ਇੰਸਪੈਕਟਰ ਜਨਰਲ ਆਫ ਪੁਲਿਸ,ਰੂਪਨਗਰ ।

6.ਕਮਿਸ਼ਨਰ,ਪਟਿਆਲਾ ਮੰਡਲ ਪਟਿਆਲਾ।

7.ਜਿਲ੍ਹਾ ਅਤੇ ਸੈਸ਼ਨ ਜੱਜ, ਫ਼ਤਹਿਗੜ੍ਹ ਸਾਹਿਬ।

8.ਸਮੂਹ ਜਿਲ੍ਹਾ ਮੈਜਿਸਟਰੇਟ,ਪੰਜਾਬ ਰਾਜ.......................................................

9.ਸੀਨੀਅਰ ਕਪਤਾਨ ਪੁਲਿਸ,ਫ਼ਤਹਿਗੜ੍ਹ ਸਾਹਿਬ।

10.ਵਧੀਕ ਡਿਪਟੀ ਕਮਿਸ਼ਨਰ (ਵਿ)ਫ਼ਤਹਿਗੜ੍ਹ ਸਾਹਿਬ।

11.ਸਿਵਲ ਸਰਜਨ,ਫ਼ਤਹਿਗੜ੍ਹ ਸਾਹਿਬ।

12.ਉਪ ਮੰਡਲ ਮੈਜਿਸਟਰੇਟ,ਫ਼ਤਹਿਗੜ ਸਾਹਿਬ/ਅਮਲੋਹ/ਬਸੀ ਪਠਾਣਾਂ/ਖਮਾਣੋ।

13. ਤਹਿਸੀਲਦਾਰ/ ਫ਼ਤਹਿਗੜ ਸਾਹਿਬ/ਅਮਲੋਹ/ਬਸੀ ਪਠਾਣਾਂ/ਖਮਾਣੋ।

14.ਜਿਲ੍ਹਾ ਲੋਕ ਸੰਪਰਕ ਅਫਸਰ,ਫ਼ਤਹਿਗੜ੍ਹ ਸਾਹਿਬ।

15.ਜਿਲ੍ਹਾ ਅਟਾਰਨੀ,ਫ਼ਤਹਿਗੜ੍ਹ ਸਾਹਿਬ।

16.ਜਿਲ੍ਹਾ ਵਿਕਾਸ ਤੇ ਪੰਚਾਇਤ ਅਫਸਰ,ਫ਼ਤਹਿਗੜ੍ਹ ਸਾਹਿਬ।

17.ਜਿਲ੍ਹਾ ਖੁਰਾਕ ਤੇ ਸਪਲਾਈ ਕੰਟਰੋਲਰ,ਫ਼ਤਹਿਗੜ੍ਹ ਸਾਹਿਬ।

18. ਜਿਲ੍ਹਾ ਸਿੱਖਿਆ ਅਫਸਰ(ਸ)/(ਐਲੀ.),ਫ਼ਤਹਿਗੜ੍ਹ ਸਾਹਿਬ।

19.ਬਲਾਕ ਵਿਕਾਸ ਤੇ ਪੰਚਾਇਤ ਅਫਸਰ,ਸਰਹਿੰਦ/ਅਮਲੋਹ/ਬਸੀ ਪਠਾਣਾਂ/ਖਮਾਣੋ/ਖੇੜਾ

20.ਕਾਰਜ ਸਾਧਕ ਅਫਸਰ, ਨਗਰ ਕੌਂਸਲ /ਨਗਰ ਪੰਚਾਇਤ, ਸਰਹਿੰਦ/ਅਮਲੋਹ/ਬਸੀ ਪਠਾਣਾਂ/ਖਮਾਣੋ/ਮੰਡੀ ਗੋਬਿੰਦਗੜ੍ਹ।

ਨੂੰ ਸੂਚਨਾਂ ਅਤੇ ਲੋੜੀਂਦੀ ਕਾਰਵਾਈ ਹਿੱਤ ਘੱਲਿਆ ਜਾਂਦਾ ਹੈ।

21.ਪੀ.ਏ ਟੂ ਡੀ.ਐਮ./ਸਟੈਨੋ ਟੂ ਏ.ਡੀ.ਐਮ./ਸ.ਕ(ਜ)ਫ਼ਤਹਿਗੜ੍ਹ ਸਾਹਿਬ ਪਾਸ ਅਧਿਕਾਰੀ ਸਾਹਿਬਾਨ ਜੀ ਦੀ ਜਾਣਕਾਰੀ ਹਿੱਤ।

ਸਹਾਇਕ ਕਮਿਸ਼ਨਰ(ਜ),
ਵਾ: ਜਿਲ੍ਹਾ ਮੈਜਿਸਟਰੇਟ,
ਫ਼ਤਹਿਗੜ੍ਹ ਸਾਹਿਬ।